ਰੋਜਗਾਰ ਜਨਰੇਸ਼ਨ ਅਤੇ ਟ੍ਰੇਨਿੰਗ ਵਿਭਾਗ, ਪੰਜਾਬ
ਅਤੇ
ਪੰਜਾਬ ਪੁਲਿਸ ਸਿਕਿਉਰਟੀ ਕਾਰਪੋਰੇਸ਼ਨ, ਚੰਡੀਗੜ੍ਹ ਵੱਲੋਂ
ਐਸ.ਡੀ.ਆਈ.ਸਕੀਮ ਅਤੇ ਸਵਰਣਜਯੰਤੀ ਗਰਾਮ ਸਵੈਰੋਜਗਾਰ
ਯੋਜਨਾ ਅਧੀਨ ਸਿਕਿਓਰਟੀ ਗਾਰਡ ਦੀ ਸਿਖਲਾਈ ਲਈ

ਪੰਜਾਬ ਪੁਲਿਸ ਸਕਿਉਰਟੀ ਕਾਰਪੋਰੇਸ਼ਨ ਵੱਲੋਂ ਐਸ.ਡੀ.ਆਈ. ਸਕੀਮ ਅਤੇ ਸਵਰਣਜਯੰਤੀ ਗਰਾਮ ਸਵੈਰੋਜ਼ਗਾਰ ਯੋਜਨਾ ਅਧੀਨ ਸਿਕਿਉਰਟੀ ਗਾਰਡ ਦੀ ਦੋ ਮਹੀਨਿਆਂ ਦੀ ਸਿਖਲਾਈ ਪ੍ਰਾਪਤ ਕਰਨ ਦੇ ਚਾਹਵਾਨ, ਪੰਜਾਬ ਰਾਜ ਦੇ ਵਸਨੀਕ, ਯੋਗ ਪੁਰਸ਼ ਉਮੀਦਵਾਰਾਂ ਤੋਂ ਜਿਹਨਾਂ ਦੀ ਉਮਰ 18 ਤੋ 35 ਸਾਲ (ਉਮਰ ਨਿਰਧਾਰਤ ਕਰਨ ਦੀ ਮਿਤੀ 30.04.2012) ਦੇ ਦਰਮਿਆਨ ਹੋਵੇ, ਬਿਨੈ-ਪੱਤਰ ਹੇਠ ਦਿੱਤੇ ਨਿਰਧਾਰਤ ਪ੍ਰਫਾਰਮੇ ਤੇ ਆਪਣੀ ਫੋਟੋ ਸਹਿਤ ਉਮਰ ਅਤੇ ਦਸਵੀਂ ਪੱਧਰ ਦੀ ਵਿੱਦਿਅਕ ਯੋਗਤਾ ਦੀ ਫੋਟੋਕਾਪੀ ਸਬੂਤ ਵਜੋਂ ਨਾਲ ਨੱਥੀ ਕਰਕੇ, ਪੰਜਾਬ ਪੁਲਿਸ ਸਿਕਿਉਰਟੀ ਕਾਰਪੋਰੇਸਨ, ਐਸ.ਸੀ.ਓ. ਨੰ: 171-172, ਸੈਕਟਰ-8ਸੀ, ਮੱਧਿਆ ਮਾਰਗ, ਚੰਡੀਗੜ੍ਹ ਨੂੰ ਮਿਤੀ 15.05.2012 ਭੇਜ ਸਕਦੇ ਹਨ। ਵਧੇਰੀ ਜਾਣਕਾਰੀ ਲਈ ਨਿਗਮ ਦੀ ਵੈਬਸਾਇਟ **www.pphcl.org** ਵੀ ਵੇਖੀ ਜਾ ਸਕਦੀ ਹੈ ।

**ਇਥੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਹ ਸਿਖਲਾਈ ਪ੍ਰਾਈਵੇਟ ਸੈਕਟਰ ਵਿੱਚ ਰੋਜਗਾਰ ਪ੍ਰਾਪਤ ਕਰਨ ਲਈ ਹੋਵੇਗੀ ਨਾ ਕਿ ਕਿਸੇ ਸਰਕਾਰੀ ਵਿਭਾਗ ਵਿੱਚ।**

ਉਮੀਦਵਾਰ ਚੋਣ ਪ੍ਰਕਿਰਿਆ ਲਈ ਹੇਠ ਲਿਖੇ ਪਤੇ ਤੇ ਦਿਤੀ ਗਈ ਮਿਤੀ ਨੂੰ ਸਮੇਂ ਸਿਰ ਹਾਜਰ ਹੋਣ:-

| ਲੜੀ ਨੰ | ਸਥਾਨ | ਸਮਾਂ ਅਤੇ ਮਿਤੀ | ਜਿਲਾ ਜਿਸ ਨਾਲ ਸਿਖਿਆਰਥੀ ਸਬੰਧਤ ਹੋਵੇ |
|---|---|---|---|
| 1 | ਪੁਲਿਸ ਲਾਈਨ, ਸੰਗਰੂਰ | ਸਵੇਰੇ 10 ਵਜੇ 18.05. 2012 | ਸੰਗਰੂਰ, ਬਰਨਾਲਾ, ਪਟਿਆਲਾ, ਫਤਿਹਗੜ੍ਹ ਸਾਹਿਬ, ਰੋਪੜ, ਮੋਹਾਲੀ, ਚੰਡੀਗੜ੍ਹ, ਲੁਧਿਆਣਾ,ਮਾਨਸਾ, ਬਠਿੰਡਾ ਅਤੇ ਮੁਕਤਸਰ |
| 2 | ਪੁਲਿਸ ਲਾਈਨ, ਫਿਰੋਜਪੁਰ | ਸਵੇਰੇ 10 ਵਜੇ 19.05.2012 | ਫਿਰੋਜਪੁਰ, ਫਾਜਿਲਕਾ, ਫਰੀਦਕੋਟ, ਮੋਗਾ ਅਤੇ ਤਰਨਤਾਰਨ, |
| 3 | ਪੁਲਿਸ ਲਾਈਨ, ਗੁਰਦਾਸਪੁਰ | ਸਵੇਰੇ 10 ਵਜੇ 21.05.2012 | ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਐਸ.ਬੀ.ਐਸ ਨਗਰ (ਨਵਾਂਸਹਿਰ) |

ਯੋਗਤਾ : ਵਿੱਦਿਅਕ ਯੋਗਤਾ: ਮੈਟ੍ਰਿਕੁਲੈਸ਼ਨ (10ਵੀ ਪਾਸ )।

ਸਰੀਰਕ ਮਿਆਰ :

i) ਉਚਾਈ 5'-6", ਛਾਤੀ -31"-32 ½" ( 1½" ਫੁਲਾ ਕੇ )

ii) ਭਾਰ- ਲੰਬਾਈ ਅਤੇ ਭਾਰ ਦੇ ਨਿਰਧਾਰਤ ਟੇਬਲ ਅਨੁਸਾਰ ।

iii) ਅੱਖਾਂ ਦੀ ਦ੍ਰਿਸ਼ਟੀ ਕਲਰ ਬਲਾਂਇਡਨੈਸ ਤੋ ਮੁਕਤ, ਸੋਧ ਅਤੇ ਬਿਨਾਂ ਸੋਧ ਦੂਰ ਦੇਖਣ ਦੀ ਦ੍ਰਿਸ਼ਟੀ 6/6 ਨੇੜੇ ਦੀ 0.6 ਹੋਣੀ ਜਰੂਰੀ ਹੈ ।

iv) ਉਮੀਦਵਾਰ ਦੇ ਨਾ ਹੀ ਪੈਰ ਪੱਧਰੇ ਅਤੇ ਨਾ ਹੀ ਗਿੱਟੇ ਭਿੜਨੇ ਚਾਹੀਦੇ ਹਨ ।

ਚੋਣ ਪ੍ਰਕਿਰਿਆ:

**ਸਰੀਰਕ ਕੁਸ਼ਲਤਾ ਟੈਸਟ:** ਉਪਰੋਕਤ ਯੋਗਤਾਵਾਂ ਅਤੇ ਸਰੀਰਕ ਲੋੜਾਂ ਪੂਰੀਆਂ ਕਰਦੇ ਉਮੀਦਵਾਰ ਦੀ ਸਰੀਰਕ ਫਿਟਨੈਸ ਅਤੇ ਸਹਿਣ ਸਕਤੀ ਨੂੰ ਟੈਸਟ ਕਰਨ ਲਈ 1 ਕਿਲੋਮੀਟਰ ਦੀ ਦੌੜ ਲਗਵਾਈ ਜਾਵੇਗੀ। ਉਮੀਦਵਾਰ ਨੂੰ 1 ਕਿਲੋ ਮੀਟਰ ਦੀ ਦੂਰੀ 6 ਮਿੰਟਾਂ ਦੇ ਅੰਦਰ -ਅੰਦਰ ਪੂਰੀ ਕਰਨੀ ਹੋਵੇਗੀ। ਚੋਣ ਟੈਸਟ ਵਿੱਚ ਭਾਗ ਲੈਣ ਲਈ ਉਮੀਦਵਾਰ ਨੂੰ ਕਿਸੇ ਕਿਸਮ ਦਾ ਖਰਚਾ/ਯਾਤਰਾ ਭੱਤਾ ਨਹੀ ਦਿੱਤਾ ਜਾਵੇਗਾ। **ਸਿਖਲਾਈ ਦੌਰਾਨ ਰਿਹਾਇਸ, ਖਾਣੇ ਅਤੇ ਸਿਖਲਾਈ ਲਈ ਕੋਈ ਵੀ ਖਰਚਾ ਵਸੂਲ ਨਹੀ ਕੀਤਾ ਜਾਵੇਗਾ** । ਵਰਦੀ ਅਤੇ ਵਰਦੀ ਨਾਲ ਸਬੰਧਤ ਵਸਤਾਂ ਸਬੰਧੀ ਖਰਚਾ ਸਿੱਖਿਆਰਥੀ ਵੱਲੋ ਕੀਤਾ ਜਾਵੇਗਾ, **ਪ੍ਰੰਤੂ BPL ਉਮੀਦਵਾਰਾਂ ਨੂੰ ਵਰਦੀ ਅਤੇ ਟ੍ਰੇਨਿੰਗ ਉਪਰੰਤ ਸਕਿਊਰਿਟੀ ਗਾਰਡ ਦੀ ਨੌਕਰੀ ਤੇ ਹਾਜਰ ਹੋਣ ਲਈ ਵਿੱਤੀ ਮੱਦਦ ਵੀ ਸਕੀਮ ਤਹਿਤ ਦਿੱਤੀ ਜਾਵੇਗੀ। ਬੀ.ਪੀ.ਐਲ ਉਮੀਦਵਾਰ ਜੋ ਟ੍ਰੇਨਿੰਗ ਲੈਣ ਲਈ ਹਾਜਰ ਹੋਵੇਗਾ ਉਸਨੂੰ ਟ੍ਰੇਨਿੰਗ ਸੈਂਟਰ ਤੱਕ ਆਉਣ ਅਤੇ ਕੋਰਸ ਸਫਲਤਾ ਪੂਰਵਕ ਮੁੱਕਮਲ ਕਰਨ ਉਪਰੰਤ ਬੱਸ/ਰੇਲ ਦੇ ਅਸਲ ਯਾਤਰਾ ਖਰਚੇ ਦੀ ਪ੍ਰਤੀਪੂਰਤੀ ਕੀਤੀ ਜਾਵੇਗੀ। BPL ਕੈਟਾਗਿਰੀ ਦਾ ਸਰਟੀਫਿਕੇਟ ਸਮੱਰਥ ਅਧਿਕਾਰੀ ਵੱਲੋ ਜਾਰੀ ਕੀਤਾ ਹੋਣਾ ਚਾਹੀਦਾ ਹੈ ।**

**ਨੋਟ: ਰਾਜ ਸਰਕਾਰ ਵੱਲੋ ਮਿਤੀ 01.03.2012 ਤੋਂ ਸਿਕਿਉਰਟੀ ਗਾਰਡ ਦੀ ਘੱਟੋ ਘੱਟ ਤਨਖਾਹ ਰੁਪਏ 4997/-ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ ।**

# ਬਿਨੈ ਪੱਤਰ ਦਾ ਨਮੂਨਾਂ

(ਬਿਨੈ-ਪੱਤਰ ਇਸ ਪ੍ਰਫਾਰਮੇ ਅਨੁਸਾਰ ਹਸਤਲਿਖਤ ਜਾਂ ਟਾਈਪ ਹੋਣਾ ਚਾਹੀਦਾ ਹੈ)

| | | | |
|---|---|---|---|
| | | | ਪਾਸਪੋਰਟ ਸਾਈਜ ਫੋਟੋ 2 ਨੰ. |
| 1 | ਉਮੀਦਵਾਰ ਦਾ ਪੂਰਾ ਨਾਂ : | | |
| 2 | ਪਿਤਾ ਦਾ  ਨਾਂ : | | |
| 3 | ਮਾਤਾ ਦਾ ਨਾਂ : | | |
| 4 | ਜਨਮ ਦੀ ਮਿਤੀ (ਫੋਟੋਕਾਪੀ ਨੱਥੀ) : | | |
| 5 | ਵਿੱਦਿਅਕ ਯੋਗਤਾ (ਦਸਵੀਂ ਪੱਧਰ ਦਾ ਜਨਮ ਮਿਤੀ ਸਮੇਤ ਸਰਟੀਫਿਕੇਟ ਦੀ ਫੋਟੋਕਾਪੀ ਨਾਲ ਨੱਥੀ) | | |
| 6 | ਦਸਵੀਂ ਜਮਾਤ ਵਿੱਚੋ ਪ੍ਰਾਪਤ ਕੀਤੇ ਅੰਕ/ਕੁਲ ਅੰਕ | | |
| 7 | ਭਾਸ਼ਾ ਦੀ ਜਾਣਕਾਰੀ | | |
| 8 | ਪਹਿਚਾਨ  ਚਿੰਨ | | |
| 9 | ਪੰਜਾਬ ਰਾਜ ਦਾ ਵਸਨੀਕ ਹੋਣ ਦਾ ਸਬੂਤ (ਫੋਟੋਕਾਪੀ ਨੱਥੀ) | | |
| 10 | ਕੈਟਾਗਰੀ (SC ਸਰਟੀਫਿਕੇਟ ਦੀ ਫੋਟੋ ਕਾਪੀ ਨਾਲ ਨੱਥੀ) | | |
| 11 | ਆਮਦਨ | | |
| 12 | ਗਰੀਬੀ ਰੇਖਾ ਤੋਂ ਥੱਲੇ (BPL) ਨਾਲ ਸਬੰਧਤ ਸਰਟੀਫਿਕੇਟ ਦੀ ਕਾਪੀ | | |
| 13 | ਪੱਤਰ ਵਿਵਹਾਰ ਲਈ ਪਤਾ (ਸਾਫ ਅਖਰਾ ਵਿੱਚ) | | |
| 14 | ਪਿੰਨ ਕੋਡ | | |
| 15 | ਜਿਲ੍ਹਾ | | |
| 16 | ਟੈਲੀਫੋਨ ਨੰ: | | |

ਨੋਟ : ਬਿਨੈਕਾਰ ਅਤੇ ਉਸਦੇ ਮਾਤਾ ਪਿਤਾ ਦਾ ਨਾਂ ਵੱਡੇ ਅੱਖਰਾਂ ਵਿੱਚ ਪੰਜਾਬੀ ਅਤੇ ਅੰਗਰੇਜੀ ਵਿੱਚ ਸਾਫ-ਸਾਫ ਲਿਖਿਆ ਜਾਵੇ।

(ਉਮੀਦਵਾਰ ਦੇ ਹਸਤਾਖਰ)